

★

' ਰੁੱਖਾਂ ਦੀ ਜੀਵਨ ਵਿੱਚ ਮਹੱਤਤਾ '

ਰੁੱਖ ਸਾਡੇ ਲਈ ਉਨੇ ਹੀ ਜ਼ਰੂਰੀ ਹਨ, ਜਿੰਨਾ ਕਿ ਜੀਵਨ ਜਿਊਣ ਲਈ ਸਾਹਾਂ ਦੀ ਜ਼ਰੂਰਤ ਹੈ । ਦਰੱਖ਼ਤਾਂ ਦਾ ਮਾਨਵ ਜਾਤੀ ਲਈ ਹੀ ਨਹੀਂ ਬਲਕਿ ਪੂਰੇ ਜੀਵਨ ਪ੍ਰਾਣੀਆਂ ਦੇ ਜੀਵਨ ਤੇ ਅਸਰ ਪੈਂਦਾ ਹੈ । ਰੁੱਖ ਅਸ਼ੁੱਧ ਹਵਾ ਨੂੰ ਸਾਡੇ ਤੋਂ ਖਿੱਚ ਲੈਂਦੇ ਹਨ ਤੇ ਉਸ ਦੇ ਬਦਲੇ ਸਾਨੂੰ ਸ਼ੁੱਧ ਹਵਾ ਦਿੰਦੇ ਹਨ ਭਾਵ ਦਰੱਖਤ ਕਾਰਬਨ ਡਾਈਆਕਸਾਈਡ ਖਿੱਚ ਲੈਂਦੇ ਹਨ ਅਤੇ ਸਾਡੇ ਲਈ ਆਕਸੀਜਨ ਛੱਡ ਦਿੰਦੇ ਹਨ । ਰੁੱਖਾਂ ਤੋਂ ਸਾਨੂੰ ਕਈ ਪ੍ਰਕਾਰ ਦੀਆਂ ਜੜ੍ਹੀ - ਬੂਟੀਆਂ ਪ੍ਰਾਪਤ ਹੁੰਦੀਆਂ ਹਨ , ਜੋ ਕਈ ਪ੍ਰਕਾਰ ਦੀਆਂ ਬੀਮਾਰੀਆਂ ਲਈ ਉਪਯੋਗੀ ਹੁੰਦੀਆਂ ਹਨ । ਰੁੱਖ ਮਿੱਟੀ ਨੂੰ ਉਪਜਾਊ ਬਣਾਉਂਦੇ ਹਨ ਅਤੇ ਮਿੱਟੀ ਦੀਆਂ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਦੂਰ ਕਰਦੇ ਹਨ । ਰੁੱਖਾਂ ਤੋਂ ਸਾਨੂੰ ਗਰਮੀਆਂ ਦੇ ਮੌਸਮ ਵਿੱਚ ਠੰਢੀ ਛਾਂ ਮਿਲਦੀ ਹੈ । ਇਹ ਜ਼ਿਆਦਾਤਰ ਜਾਨਵਰਾਂ ਲਈ ਭੋਜਨ ਦਾ ਸਰੋਤ ਹਨ । ਪਸ਼ੂ ਘਾਹ ਅਤੇ ਦਰੱਖਤਾਂ ਦੇ ਪੱਤੇ ਖਾਂਦੇ ਹਨ । ਮੀਂਹ ਪਾਉਣ ਵਿੱਚ ਰੁੱਖ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਇਸ ਲਈ ਰੁੱਖਾਂ ਦਾ ਸਾਡੇ ਜੀਵਨ ਵਿਚ ਬਹੁਤ ਜ਼ਿਆਦਾ ਮਹੱਤਵ ਹੈ ਅਤੇ ਅੱਜ ਹਰ ਇੱਕ ਨੂੰ ਦਰੱਖਤਾਂ ਦੇ ਮਹੱਤਤਾ ਨੂੰ ਸਮਝਣ ਦੀ ਲੋੜ ਹੈ । ਸਾਨੂੰ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਵਾਤਾਵਰਨ ਨੂੰ ਹਰਾ ਭਰਾ ਰੱਖ ਸਕੀਏ ਅਤੇ ਆਪਣੇ ਜੀਵਨ ਨੂੰ ਖ਼ੁਸ਼ਹਾਲ ਬਣਾ ਸਕੀਏ । ਸੋ ਸਾਨੂੰ ਸਭ ਨੂੰ ਮਿਲ ਕੇ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ -

' ਆਓ ਮਿਲ ਕੇ ਰੁੱਖ ਲਗਾਈਏ

ਵਾਤਾਵਰਨ ਨੂੰ ਸਾਫ਼ ਬਣਾਈਏ

ਜੀਵਨ ਵਿੱਚ ਖ਼ੁਸ਼ਹਾਲੀ ਪਾਈਏ '